## ਹੀਲ ਕੋਵਿਡ ਡਾਟਾ ਪ੍ਰੋਸੈਸਿੰਗ ਵੈਬਸਾਇਟ ਬਿਆਨ

ਹੀਲ ਕੋਵਿਡ ਇਕ ਖੋਜ ਅਧਿਐਨ ਹੈ ਜੋ ਇਹ ਦੇਖਣ ਲਈ ਵੱਖ-ਵੱਖ ਇਲਾਜਾਂ ਦੀ ਤੁਲਨਾ ਕਰ ਰਿਹਾ ਹੈ ਕਿ ਕਿਹੜੇ ਇਲਾਜ ਕੋਵਿਡ-19 ਦੇ ਲੰਬੇ ਸਮੇਂ ਵਾਲੇ ਲੱਛਣਾਂ ਦੀ ਰੋਕਥਾਮ ਕਰਨ ਅਤੇ ਇਲਾਜ ਕਰਨ ਲਈ ਵਧੀਆ ਹਨ। ਜੇ ਤੁਸੀਂ ਹੀਲ-ਕੋਵਿਡ ਵਿਚ ਭਾਗ ਲੈਣ ਲਈ ਸਹਿਮਤ ਹੋਏ ਹੋ, ਜਾਂ ਭਾਗ ਲੈਣ ਬਾਰੇ ਵਿਚਾਰ ਕਰ ਰਹੇ ਹੋ, ਤੁਸੀਂ ਅਧਿਐਨ ਜਾਣਕਾਰੀ ਸ਼ੀਟ ਨੂੰ ਪ੍ਰਾਪਤ ਕੀਤਾ ਹੋਏਗਾ। ਜਾਣਕਾਰੀ ਸ਼ੀਟ ਵਿਚ ਅਧਿਐਨ ਵਿਚ ਸ਼ਮੂਲੀਅਤ ਦੇ ਬਾਰੇ ਸਾਰੇ ਮੁੱਖ ਵੇਰਵੇ ਹਨ ਅਤੇ ਜੇ ਤੁਹਾਨੂੰ ਇਸ ਬਾਰੇ ਪ੍ਰਸ਼ਨ ਹਨ ਤਾਂ ਤੁਹਾਨੂੰ ਤੁਹਾਡੀ ਦੇਖਭਾਲ ਕਰ ਰਹੇ, ਜਾਂ ਉਹ ਜਿਨ੍ਹਾਂ ਨੇ ਤੁਹਾਨੂੰ ਭਾਗ ਲੈਣ ਲਈ ਸੱਦਾ ਦਿੱਤਾ ਹੈ, ਉਨ੍ਹਾਂ ਡਾਕਟਰਾਂ ਅਤੇ ਨਰਸਾਂ ਨੂੰ ਪੁੱਛਣਾ ਚਾਹੀਦਾ ਹੈ।

ਇਸ ਪੰਨੇ ਉੱਪਰ ਤੁਸੀਂ ਇਸ ਬਾਰੇ ਵਧੇਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਕਿ ਹੀਲ-ਕੋਵਿਡ ਵਾਲੀ ਟੀਮ ਤੁਹਾਡੇ ਡਾਟਾ ਦੀ ਵਰਤੋਂ ਕਿਸ ਤਰ੍ਹਾਂ ਕਰ ਰਹੀ ਹੈ, ਤੁਹਾਡੇ ਨਾਲ ਸਬੰਧਤ ਜਾਣਕਾਰੀ ਤੱਕ ਕਿਸਦੀ ਪਹੁੰਚ ਹੋਵੇਗੀ, ਜੇ ਤੁਹਾਨੂੰ ਡਾਟਾ ਦੀ ਸੰਭਾਲ ਬਾਰੇ ਪ੍ਰਸ਼ਨ ਹੋਣ ਤਾਂ ਕਿਸ ਨਾਲ ਸੰਪਰਕ ਕਰਨਾ ਹੈ।

### ਅਧਿਐਨ ਕੌਣ ਕਰਵਾ ਰਿਹਾ ਹੈ?

ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ ਐਨ ਐਚ ਐਸ ਫਾਉਂਡੇਸ਼ਨ ਟਰੱਸਟ (Cambridge University Hospitals NHS Foundation Trust) ਅਤੇ ਦਿ ਯੂਨੀਵਰਸਿਟੀ ਆਫ਼ ਕੈਂਬਰਿਜ (The University of Cambridge) ਇਸ ਅਧਿਐਨ ਦੇ ਸੰਯੁਕਤ ਪ੍ਰਾਯੋਜਕ ਦੇ ਤੌਰ 'ਤੇ ਕੰਮ ਕਰਦੇ ਹਨ ਅਤੇ ਇਸਦੇ ਪ੍ਰਬੰਧਨ ਲਈ ਜ਼ਿੰਮੇਵਾਰ ਹਨ। ਉਹ ਯੂਨਾਈਟਡ ਕਿੰਗਡਮ ਵਿਚ ਅਧਾਰਤ ਹਨ। ਉਨ੍ਹਾਂ ਨੇ ਕਿਹਾ ਹੈ ਕਿ ਅਧਿਐਨ ਦਾ ਦਿਨ-ਪ੍ਰਤੀ-ਦਿਨ ਦਾ ਸੰਚਾਲਣ ਲਿਵਰਪੂਲ ਕਲੀਨਿਕਲ ਟਰਾਇਲ ਸੈਂਟਰ (Liverpool Clinical Trials Centre ) (ਐਲ ਸੀ ਟੀ ਸੀ, ਯੂਨੀਵਰਸਿਟੀ ਆਫ਼ ਲਿਵਰਪੂਲ ਦਾ ਹਿੱਸਾ) ਵਿਖੇ ਅਧਾਰਤ ਟੀਮ, ਯੂਨੀਵਰਸਿਟੀ ਆਫ਼ ਕੈਂਬਰਿਜ ਨਾਲ ਸਬੰਧਤ ਖੋਜਾਰਥੀਆਂ ਅਤੇ ਸੈਂਟਰ ਫਾਰ ਹੈਲਥ ਇਕਨਾਮਿਕਸ ਐਂਡ ਮੈਡੀਸਨਜ਼ ਈਵੈਲੂਏਸ਼ਨ (ਸੀ ਐਚ ਈ ਐਮ ਈ) (Centre for Health Economics and Medicines Evaluation, CHEME) ਨਾਲ ਸਬੰਧ ਖੋਜਾਰਥੀਆਂ, ਬੈਂਗੋਰ ਯੂਨੀਵਰਸਿਟੀ ਦੇ ਹਿੱਸੇ (ਕੇਂਦਰੀ ਅਧਿਐਨ ਟੀਮ) ਦੁਆਰਾ ਕੀਤਾ ਜਾਂਦਾ ਹੈ। ਸੈਂਟਰਲ ਅਧਿਐਨ ਟੀਮ ਨੂੰ ਇਸ ਖੋਜ ਪ੍ਰੋਜੈਕਟ ਦੇ ਲਈ ਤੁਹਾਡੇ ਤੋਂ ਅਤੇ ਤੁਹਾਡੀ ਸਿਹਤ ਦੇਖਭਾਲ ਦੇ ਰਿਕਾਰਡਾਂ ਤੋਂ ਪ੍ਰਾਪਤ ਜਾਣਕਾਰੀ ਨੂੰ ਵਰਤਣ ਦੀ ਜ਼ਰੂਰਤ ਪਵੇਗੀ।

ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ ਐਨ ਐਚ ਐਸ ਫਾਉਂਡੇਸ਼ਨ ਟਰੱਸਟ (Cambridge University Hospitals NHS Foundation Trust), ਦਿ ਯੂਨੀਵਰਸਿਟੀ ਆਫ਼ ਕੈਂਬਰਿਜ (The University of Cambridge ) ਅਤੇ ਯੂਨੀਵਰਸਿਟੀ ਆਫ਼ ਲਿਵਰਪੂਲ (University of Liverpool), ਹੀਲ-ਕੋਵਿਡ ਦੇ ਸੰਯੁਕਤ ਡਾਟਾ ਨਿਯੰਤਰਕ ਹਨ ਅਤੇ ਤੁਹਾਡੀ ਜਾਣਕਾਰੀ ਦੀ ਸੰਭਾਲ ਅਤੇ ਇਸਨੂੰ ਸਹੀ ਤਰ੍ਹਾਂ ਵਰਤਣ ਲਈ ਜ਼ਿੰਮੇਵਾਰ ਹਨ।

ਡਾਟੇ ਦੀ ਸੁਰੱਖਿਆ ਦੇ ਨਿਯਮ ਮੰਗ ਕਰਦੇ ਹਨ ਕਿ ਅਸੀਂ ਤੁਹਾਡੇ ਬਾਰੇ ਜਾਣਕਾਰੀ ਤੇ ਕਾਰਵਾਈ ਕਰਨ ਲਈ ਕਾਨੂੰਨੀ ਆਧਾਰ ਦੱਸੀਏ। ਇਸ ਅਧਿਐਨ ਦੀ ਹਾਲਤ ਵਿਚ, ਅਸੀਂ ਤੁਹਾਡੇ ਵਿਅਕਤੀਗਤ ਡਾਟਾ ਨੂੰ ਖੋਜ ਮਕਸਦਾਂ ਲਈ ਵਰਤਦੇ ਹਾਂ, ਅਤੇ ਇਹ ਮਕਸਦ 'ਜਨਤਕ ਹਿੱਤ ਵਿਚ ਇਕ ਕਾਰਜ', ਹੈ। ਕੁਝ ਵਿਅਕਤੀਗਤ ਡਾਟਾ ਨੂੰ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ ਅਤੇ ਇਸਨੂੰ "ਖਾਸ ਸ਼੍ਰੇਣੀ" ਕਿਹਾ ਜਾਂਦਾ ਹੈ। ਇਸ ਵਿਚ ਸਰੀਰਕ ਅਤੇ ਮਾਨਸਿਕ ਸਿਹਤ ਦੀਆਂ ਹਾਲਤਾਂ ਨਾਲ ਸਬੰਧਤ ਡਾਟਾ ਸ਼ਾਮਲ ਹੈ, ਜਿਸਨੂੰ ਹੀਲ-ਕੋਵਿਡ ਲਈ ਇਕੱਤਰ ਕੀਤਾ ਜਾਂਦਾ ਹੈ। ਇਸਨੂੰ ਪ੍ਰੋਸੈਸ ਕਰਨ ਲਈ ਅਸੀਂ ਇਸ ਕਾਨੂੰਨੀ ਆਧਾਰ ਉੱਪਰ ਨਿਰਭਰ ਹਾਂ ਕਿ "ਜਨਤਕ ਹਿੱਤ ਵਿਚ ਮਕਸਦਾਂ ਦੀ ਪ੍ਰਾਪਤੀ ਲਈ, ਵਿਗਿਆਨਕ ਜਾਂ ਇਤਿਹਾਸਕ ਖੋਜ ਮਕਸਦਾਂ ਜਾਂ ਸਾਂਖਿਅਕੀ ਮਕਸਦਾਂ ਲਈ ਪ੍ਰੋਸੈਸਿੰਗ ਦੀ ਜ਼ਰੂਰਤ ਹੈ"। ਵਿਅਕਤੀਗਤ ਅਤੇ ਸੰਵੇਦਨਸ਼ੀਲ ਡਾਟਾ ਬਾਰੇ ਤੁਸੀਂ ਐਲ ਸੀ ਟੀ ਸੀ (LCTC) ਵੈਬਸਾਇਟ 'ਤੇ ਹੋਰ ਜਾਣਕਾਰੀ ਪੜ੍ਹ ਸਕਦੇ ਹੋ।

ਇਸ ਅਧਿਐਨ ਦੀ ਸਮੀਖਿਆ ਮੈਡੀਸਨਜ਼ ਐਂਡ ਹੈਲਥਕੇਅਰ ਪ੍ਰੋਡਕਟਸ ਰੈਗੂਲੇਟਰੀ ਏਜੰਸੀ (ਐਮ ਐਚ ਆਰ ਏ) (Medicines and Healthcare Products Regulatory Agency) (MHRA), ਹੈਲਥ ਰਿਸਰਚ ਅਥਾਰਟੀ (Health Research Authority) ਅਤੇ ਨੈਸ਼ਨਲ ਰਿਸਰਚ ਐਥਿਕਸ ਸਰਵਿਸ ਕਮੇਟੀ (National Research Ethics Service Committee) ਦੁਆਰਾ ਕੀਤੀ ਗਈ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਧਿਐਨ ਵਿਗਿਆਨਿਕ ਅਤੇ ਨੈਤਿਕ ਤੌਰ 'ਤੇ ਸਵੀਕਾਰਯੋਗ ਹੈ। ਇਸ ਅਧਿਐਨ ਨੂੰ ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਰਿਸਰਚ ਹੈਲਥ (ਐਨ ਆਈ ਐਚ ਆਰ (NIHR); ਅਧਿਐਨ ਪਛਾਣ 133788) ਅਤੇ ਐਨ ਆਈ ਐਚ ਆਰ ਕੈਂਬਰਿਜ ਬਾਇਓਮੈਡੀਕਲ ਰਿਸਰਚ ਸੈਂਟਰ (NIHR Cambridge Biomedical Research Centre) ਦੁਆਰਾ ਫੰਡ ਦਿੱਤੇ ਗਏ ਹਨ।

ਸੈਂਟਰਲ ਅਧਿਐਨ ਟੀਮ ਉਹ ਮੋਬਾਇਲ/ਟੈਬਲੈੱਟ ਐਪ ਬਣਾਉਣ ਲਈ ਯੂ ਕੇ ਵਿਚ ਅਧਾਰਤ ਐਪਾਰੀਟੋ ਨਾਮ ਇਕ ਕੰਪਨੀ ਦੇ ਨਾਲ ਕੰਮ ਕਰ ਰਹੀ ਹੈ, ਜਿਸ ਉੱਪਰ ਤੁਸੀਂ ਆਪਣੀਆਂ ਫਾਲੋ-ਅੱਪ ਪ੍ਰਸ਼ਨੋਤਰੀਆਂ ਨੂੰ ਪੂਰਾ ਕਰੋਗੇ, ਜਾਂ ਜੇ ਤੁਸੀਂ ਵਿਕਲਪ ਫਾਲੋ-ਅੱਪ ਵਿਚ ਭਾਗ ਲੈਣਾ ਚੁਣਿਆ ਹੈ।

**ਮੇਰੇ ਬਾਰੇ ਕਿਹੜੀ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ?**

ਤੁਹਾਡੀ ਹਸਪਤਾਲ ਦੀ ਟੀਮ ਨਾਲ ਸਬੰਧਤ ਸਟਾਫ਼ ਤੁਹਾਡੇ ਮੈਡੀਕਲ ਰਿਕਾਰਡਾਂ ਤੋਂ ਅਧਿਐਨ ਡਾਟਾਬੇਸ ਵਿਚ ਜਾਣਕਾਰੀ ਦਾਖਲ ਕਰੇਗਾ। ਇਸ ਵਿਚ ਤੁਹਾਡੇ ਬਾਰੇ ਕੁਝ ਮੈਡੀਕਲ/ਸਿਹਤ ਦੇਖਭਾਲ ਜਾਣਕਾਰੀ, ਅਤੇ ਨਾਲ ਦੀ ਨਾਲ ਤੁਹਾਡਾ ਨਾਮ, ਐਨ ਐਚ ਐਸ (NHS) ਨੰਬਰ (ਸਕਾਟਲੈਂਡ ਵਿਚ ਸੀ ਐਚ ਆਈ (CHI) ਜਾਂ ਉੱਤਰੀ ਆਇਰਲੈਂਡ ਵਿਚ ਹੈਲਥ ਐਂਡ ਸੋਸ਼ਲ ਕੇਅਰ ਨੰਬਰ), ਜਨਮ ਤਾਰੀਖ ਅਤੇ ਸੰਪਰਕ ਵੇਰਵੇ ਸ਼ਾਮਲ ਹੋਣਗੇ। ਤੁਹਾਡੀ ਪਛਾਣ ਜ਼ਾਹਰ ਕਰਦੀ ਜਾਣਕਾਰੀ ਨੂੰ ਸੁਰੱਖਿਅਤ ਕਰਨ ਲਈ ਐਨਕ੍ਰਿਪਟ ਕਰ ਦਿੱਤਾ ਜਾਵੇਗਾ। ਤੁਹਾਡੇ ਬਾਰੇ ਇਕੱਤਰ ਕੀਤੀ ਗਈ ਸਾਰੀ ਜਾਣਕਾਰੀ ਨੂੰ ਖੋਜ ਕਰਨ ਲਈ ਜਾਂ ਤੁਹਾਡੇ ਰਿਕਾਰਡਾਂ ਨੂੰ ਚੈੱਕ ਕਰਨ ਲਈ ਵਰਤਿਆ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਖੋਜ ਸਹੀ ਤਰੀਕੇ ਨਾਲ ਕੀਤੀ ਜਾ ਰਹੀ ਹੈ।

ਹੀਲ-ਕੋਵਿਡ ਦੇ ਵਿਚ ਅਸੀਂ ਅਧਿਐਨ ਵਿਚ ਭਾਗ ਲੈਣ ਲਈ ਤੁਹਾਡੇ ਦੁਆਰਾ ਸਹਿਮਤ ਹੋਣ ਤੋਂ ਬਾਅਦ 12 ਮਹੀਨਿਆਂ ਲਈ ਤੁਹਾਡੀਆਂ ਜੀ ਪੀ (GP) ਮੁਲਾਕਾਤਾਂ, ਰੈਫ਼ਰਲਜ਼, ਹਸਪਤਾਲ ਦੀਆਂ ਵਿਜ਼ਿਟਸ ਜਾਂ ਹੋਰ ਸਿਹਤ ਦੇਖਭਾਲ ਜਾਣਕਾਰੀ ਇਕੱਤਰ ਕਰਾਂਗੇ। ਇੰਗਲੈਂਡ ਵਿਚ ਐਨ ਐਚ ਐਸ ਡਿਜੀਟਲ (NHS Digital) ਅਤੇ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿਚ ਬਰਾਬਰ ਦੇ ਸੰਗਠਨਾਂ ਦੁਆਰਾ ਇਹ ਜਾਣਕਾਰੀ ਨਿਯਮਤ ਰੂਪ ਵਿਚ ਇਕੱਤਰ ਕੀਤੀ ਜਾਂਦੀ ਹੈ। ਐਲ ਸੀ ਟੀ ਸੀ (LCTC) ਤੁਹਾਡੇ ਐਨ ਐਚ ਐਸ (NHS) ਨੰਬਰ/ਸੀ ਐਚ ਆਈ (CHI) ਨੰਬਰ/ਹੈਲਥ ਐਂਡ ਸੋਸ਼ਲ ਕੇਅਰ ਨੰਬਰ, ਜਨਮ ਤਾਰੀਖ ਅਤੇ ਵਿਲੱਖਣ ਅਧਿਐਨ ਪ੍ਰਤੀਭਾਗਿਤਾ ਨੰਬਰ ਸਮੇਤ ਤੁਹਾਡੇ ਸਿਹਤ ਦੇਖਭਾਲ ਦੇ ਡਾਟਾ ਨੂੰ ਐਨ ਐਚ ਐਸ ਡਿਜੀਟਲ (NHS Digital) ਜਾਂ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿਚ ਬਰਾਬਰ ਦੇ ਸੰਗਠਨਾਂ ਨੂੰ ਭੇਜੇਗਾ ਤਾਂ ਜੋ ਉਹ ਤੁਹਾਡੇ ਨਿਯਮਤ ਸਿਹਤ ਦੇਖਭਾਲ ਰਿਕਾਰਡਾਂ ਦੀ ਪਛਾਣ ਕਰ ਸਕਣ। ਐਨ ਐਚ ਐਸ ਡਿਜੀਟਲ (NHS Digital) ਜਾਂ ਬਰਾਬਰ ਦੇ ਸੰਗਠਨ ਤੁਹਾਡੇ ਐਨ ਐਚ ਐਸ (NHS)/ਸੀ ਐਚ ਆਈ (CHI) ਨੰਬਰ ਨੂੰ ਹਟਾ ਕੇ, ਤੁਹਾਡੇ ਨਿਯਮਤ ਡਾਟਾ ਨੂੰ ਵਾਪਸ ਕਰਨਗੇ ਤਾਂ ਜੋ ਤੁਹਾਡੀ ਸਿਹਤ ਦੇਖਭਾਲ ਦੇ ਵੇਰਵੇ ਕੇਵਲ ਤੁਹਾਡੇ ਵਿਲੱਖਣ ਅਧਿਐਨ ਪ੍ਰਤੀਭਾਗਿਤਾ ਨੰਬਰ ਦੇ ਨਾਲ ਹੀ ਤੁਹਾਡੇ ਨਾਲ ਜੁੜਨ।

ਤੁਹਾਡੇ ਦੁਆਰਾ ਅਧਿਐਨ ਵਿਚ ਸ਼ਾਮਲ ਹੋਣ ਤੋਂ 12 ਮਹੀਨੇ ਤੱਕ ਲਈ ਅਸੀਂ ਡਾਟਾ ਨੂੰ ਇਕੱਤਰ ਕਰਨ ਦੀ ਯੋਜਨਾ ਰੱਖਦੇ ਹਾਂ। ਭਵਿੱਖ ਦੇ ਵਿਚ ਇਸਨੂੰ ਵਧਾਇਆ ਜਾ ਸਕਦਾ ਹੈ। ਅਸੀਂ ਤੁਹਾਡੀ ਜਾਣਕਾਰੀ ਨੂੰ ਹੋਰ ਡਾਟਾ ਸਰੋਤਾਂ ਨਾਲ ਜੋੜ ਸਕਦੇ ਹਾਂ, ਜਿਸ ਵਿਚ ਹੋਰ ਕਲੀਨਿਕਲ ਟਰਾਇਲਾਂ ਤੋਂ ਪ੍ਰਾਪਤ ਡਾਟਾ ਸ਼ਾਮਲ ਹੈ, ਅਜਿਹਾ ਕਲੀਨਿਕਲ ਰੂਪ ਵਿਚ ਮਹੱਤਵਪੂਰਨ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਕੀਤਾ ਜਾਵੇਗਾ। ਜੇ ਡਾਟਾ ਦੇ ਨਵੇਂ ਸਰੋਤਾਂ ਦੀ ਪਛਾਣ ਹੁੰਦੀ ਹੈ ਜਾਂ ਡਾਟਾ ਇਕੱਤਰ ਕਰਨ ਦੀ ਅਵਧੀ ਨੂੰ ਅਪਡੇਟ ਕੀਤਾ ਜਾਂਦਾ ਹੈ, ਤਾਂ ਅਸੀਂ ਇਸਨੂੰ ਇਸ ਵੈਬ ਪੇਜ਼ ਉੱਪਰ ਸ਼ਾਮਲ ਕਰਾਂਗੇ।


## ਹੀਲ ਕੋਵਿਡ ਅਧਿਐਨ ਲਈ ਪ੍ਰਤੀਭਾਗੀ ਡਾਟਾ ਪ੍ਰਵਾਹ

**ਬਟਨ:**

ਸੰਤਰੀ = ਵਿਅਕਤੀਗਤ ਡਾਟਾ; ਇਸ ਵਿਚ ਤੁਹਾਡੇ ਐਨ ਐਚ ਐਸ (NHS) ਨੰਬਰ ਵਰਗੀ ਪਛਾਣ ਜ਼ਾਹਰ ਕਰਦੀ ਜਾਣਕਾਰੀ ਸ਼ਾਮਲ ਹੁੰਦੀ ਹੈ।

ਨੀਲਾ = ਬੇ-ਪਛਾਣ ਕੀਤਾ ਡਾਟਾ ਜਿਸ ਨੂੰ ਕਿ ਤੁਹਾਡੇ ਨਾਲ ਕੇਵਲ ਇਕ ਵਿਲੱਖਣ ਅਧਿਐਨ ਪਛਾਣ ਨੰਬਰ ("ਬੇਤਰਤੀਬਪਨ ਨੰਬਰ") ਦੇ
ਨਾਲ ਜੋੜਿਆ ਜਾ ਸਕਦਾ ਹੈ।

ਲਾਲ = ਸੰਯੁਕਤ ਅਧਿਐਨ ਆਊਟਪੁੱਟ ਡਾਟਾ - ਕੋਈ ਵੀ ਇਸ ਤੋਂ ਤੁਹਾਡੀ ਪਛਾਣ ਨਹੀਂ ਕਰ ਸਕੇਗਾ।



## ਮੇਰੀ ਜਾਣਕਾਰੀ ਤੱਕ ਕਿਸਦੀ ਪਹੁੰਚ ਹੋਏਗੀ?

ਇਸ ਅਧਿਐਨ ਵਿਚ ਤੁਹਾਡੀ ਪ੍ਰਤੀਭਾਗਿਤਾ ਸਬੰਧੀ ਸਾਰੀ ਗੋਪਨੀਯ ਜਾਣਕਾਰੀ ਗੋਪਨੀਯ ਰੱਖੀ ਜਾਵੇਗੀ। ਉਹ ਲੋਕਾਂ ਜਿਨ੍ਹਾਂ ਨੂੰ ਇਹ ਜਾਣਨ ਦੀ ਜ਼ਰੂਰਤ ਨਹੀਂ ਹੈ ਕਿ ਤੁਸੀਂ ਕੌਣ ਹੋ, ਉਹ ਤੁਹਾਡੇ ਨਾਮ ਜਾਂ ਸੰਪਰਕ ਵੇਰਵਿਆਂ ਨੂੰ ਨਹੀਂ ਦੇਖ ਸਕਣਗੇ। ਇਸਦੀ ਥਾਂ 'ਤੇ ਤੁਹਾਡੇ ਡਾਟਾ ਦਾ ਇਕ ਵਿਲੱਖਣ ਕੋਡ ਨੰਬਰ ਹੋਏਗਾ।

ਨਾਲ ਦੀ ਨਾਲ ਸੈਂਟਰਲ ਅਧਿਐਨ ਟੀਮ, ਰੇਗੂਲੇਟਰੀ ਸੰਗਠਨ ਅਤੇ ਪ੍ਰਾਯੋਜਕ ਸੰਗਠਨਾਂ ਦੀ ਤਰਫ਼ੋਂ ਆਡਿਟਰਾਂ ਜਾਂ ਇੰਸਪੈਕਟਰਾਂ ਨੂੰ ਖੋਜ ਅਧਿਐਨ ਦੀ ਸਟੀਕਤਾ ਦੀ ਜਾਂਚ ਕਰਨ ਲਈ ਤੁਹਾਡੇ ਮੈਡੀਕਲ ਅਤੇ ਖੋਜ ਰਿਕਾਰਡਾਂ ਨੂੰ ਦੇਖਣ ਦੀ ਜ਼ਰੂਰਤ ਪੈ ਸਕਦੀ ਹੈ।

ਜੇ ਤੁਸੀਂ ਸਾਡੀ ਸਮਾਰਟਫ਼ੋਨ/ਟੈਬਲੈੱਟ ਐਪ ਦੇ ਰਾਹੀਂ ਵਿਕਲਪਕ ਫਾਲੋ-ਅੱਪ ਪ੍ਰਸ਼ਨੋਤਰੀਆਂ ਵਿਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਐਪਾਰੀਟੋ (ਉਹ ਕੰਪਨੀ ਜਿਸਨੇ ਹੀਲ-ਕੋਵਿਡ ਐਪ ਬਣਾਈ ਹੈ) ਇਨ੍ਹਾਂ ਪ੍ਰਸ਼ਨੋਤਰੀਆਂ ਨੂੰ ਪੂਰਾ ਕਰਦੇ ਸਮੇਂ ਤੁਹਾਡੇ ਦੁਆਰਾ ਭਰੀ ਗਈ ਜਾਣਕਾਰੀ ਨੂੰ ਦੇਖਣ ਦੇ ਸਮਰੱਥ ਹੋਏਗੀ। ਉਨ੍ਹਾਂ ਨੂੰ ਤੁਹਾਡਾ ਨਾਮ ਜਾਂ ਵਿਅਕਤੀਗਤ ਵੇਰਵੇ ਪਤਾ ਨਹੀਂ ਲੱਗਣਗੇ, ਜਾਂ ਉਹ ਤੁਹਾਡੇ ਸਿਹਤ ਦੇਖਭਾਲ ਦੇ ਨਿਯਮਤ ਰਿਕਾਰਡਾਂ ਤੱਕ ਪਹੁੰਚ ਨਹੀਂ ਕਰ ਸਕਣਗੇ।

ਅਸੀਂ ਤੁਹਾਡੇ ਬਾਰੇ ਸਾਰੀ ਜਾਣਕਾਰੀ ਨੂੰ ਸਹੀ ਅਤੇ ਸੁਰੱਖਿਅਤ ਰੱਖਾਂਗੇ। ਇਕ ਵਾਰ ਸਾਡੇ ਦੁਆਰਾ ਅਧਿਐਨ ਨੂੰ ਸਮਾਪਤ ਕਰਨ ਦੇ ਬਾਅਦ, ਸਾਡੇ ਦੁਆਰਾ ਡਾਟਾ ਨੂੰ 10 ਸਾਲਾਂ ਲਈ ਰੱਖਿਆ ਜਾਵੇਗਾ ਤਾਂ ਜੋ ਅਸੀਂ ਨਤੀਜਿਆਂ ਦੀ ਜਾਂਚ ਕਰ ਸਕੀਏ। ਅਸੀਂ ਆਪਣੀਆਂ ਰਿਪੋਰਟਾਂ ਨੂੰ ਇਸ ਤਰ੍ਹਾਂ ਲਿਖਾਂਗੇ ਕਿ ਕੋਈ ਵੀ ਇਹ ਪਤਾ ਨਹੀਂ ਲਗਾ ਸਕੇ ਕਿ ਤੁਸੀਂ ਅਧਿਐਨ ਵਿਚ ਭਾਗ ਲਿਆ ਹੈ।

## ਮੇਰੀ ਜਾਣਕਾਰੀ ਨੂੰ ਕਿਸ ਤਰ੍ਹਾਂ ਵਰਤਿਆ ਜਾਵੇਗਾ ਇਸ ਬਾਰੇ ਮੇਰੇ ਵਿਕਲਪ ਕਿਹੜੇ ਹਨ?

ਤੁਸੀਂ ਕਿਸੇ ਵੀ ਸਮੇਂ, ਕੋਈ ਵੀ ਕਾਰਨ ਦਿੱਤੇ ਬਿਨਾਂ ਅਧਿਐਨ ਦਾ ਹਿੱਸਾ ਬਣਨਾ ਬੰਦ ਕਰ ਸਕਦੇ ਹਨ, ਪਰ ਸਾਡੇ ਕੋਲ ਤੁਹਾਡੇ ਬਾਰੇ ਪਹਿਲਾਂ ਤੋਂ ਮੌਜੂਦ ਜਾਣਕਾਰੀ ਨੂੰ ਰੱਖਿਆ ਜਾਵੇਗਾ। ਜੇ ਤੁਸੀਂ ਅੱਗੇ ਵਾਸਤੇ ਹੀਲ-ਕੋਵਿਡ ਅਧਿਐਨ ਵਿਚ ਭਾਗ ਨਹੀਂ ਲੈਣਾ ਚਾਹੁੰਦੇ, ਤਾਂ ਤੁਹਾਨੂੰ ਉਹ ਜਾਣਕਾਰੀ ਸ਼ੀਟ ਜੋ ਤੁਹਾਨੂੰ ਭਾਗ ਲੈਣ ਲਈ ਸਹਿਮਤ ਹੋਣ ਦੇ ਸਮੇਂ ਦਿੱਤੀ ਗਈ ਸੀ, ਉੱਪਰ ਦਿੱਤੇ ਸੰਪਰਕ ਵੇਰਵਿਆਂ ਦੇ ਰਾਹੀਂ ਆਪਣੀ ਹਸਪਤਾਲ ਦੀ ਸਥਾਨਕ ਟੀਮ ਨਾਲ ਗੱਲ ਕਰਨੀ ਚਾਹੀਦੀ ਹੈ।

ਜੇ ਤੁਸੀਂ ਅਧਿਐਨ ਵਿਚ ਭਾਗ ਲੈਣਾ ਬੰਦ ਕਰਨਾ ਚੁਣਦੇ ਹਨ, ਤਾਂ ਅਸੀਂ ਨਿਯਮਿਤ ਸਿਹਤ ਦੇਖਭਾਲ ਰਿਕਾਰਡਾਂ ਤੋਂ ਤੁਹਾਡੀ ਸਿਹਤ ਬਾਰੇ ਜਾਣਕਾਰੀ ਇਕੱਤਰ ਕਰਨੀ ਜਾਰੀ ਰੱਖਣਾ ਚਾਹਵਾਂਗੇ। ਜੇ ਤੁਸੀਂ ਨਹੀਂ ਚਾਹੁੰਦੇ ਕਿ ਅਸੀਂ ਅਜਿਹਾ ਕਰੀਏ ਤਾਂ ਸਾਨੂੰ ਦੱਸੋ ਅਤੇ ਅਸੀਂ ਇਹ ਬੰਦ ਕਰ ਦੇਵਾਂਗੇ।

ਕੁਝ ਹਾਲਤਾਂ ਵਿਚ, ਵੈਸੇ ਸਾਨੂੰ ਤੁਹਾਡੇ ਦੁਆਰਾ ਅਧਿਐਨ ਵਾਲੇ ਇਲਾਜ ਕਾਰਨ ਤਜ਼ਰਬਾ ਕੀਤੇ ਜਾ ਸਕਣ ਵਾਲੇ ਕਿਸੇ ਤਰ੍ਹਾਂ ਦੇ ਗੌਣ ਪ੍ਰਭਾਵਾਂ ਬਾਰੇ ਸੀਮਤ ਜਾਣਕਾਰੀ ਇਕੱਤਰ ਕਰਨੀ ਜਾਰੀ ਰੱਖਣ ਦੀ ਜ਼ਰੂਰਤ ਹੋ ਸਕਦੀ ਹੈ। ਅਸੀਂ ਇਹ ਉਸ ਹਾਲਤ ਵਿਚ ਹੀ ਕਰਾਂਗੇ ਜਿੱਥੇ ਸਾਨੂੰ ਅਜਿਹਾ ਕਰਨ ਦੀ ਕਾਨੂੰਨੀ ਜ਼ਰੂਰਤ ਹੈ।

ਅਸੀਂ ਇਹ ਉਸ ਹਾਲਤ ਵਿਚ ਹੀ ਕਰਾਂਗੇ ਜਿੱਥੇ ਸਾਨੂੰ ਅਜਿਹਾ ਕਰਨ ਦੀ ਕਾਨੂੰਨੀ ਜ਼ਰੂਰਤ ਹੈ। ਇਸਦਾ ਮਤਲਬ ਹੈ ਅਸੀਂ ਤੁਹਾਨੂੰ ਸਾਡੇ ਦੁਆਰਾ ਤੁਹਾਡੇ ਬਾਰੇ ਰੱਖੇ ਗਏ ਡਾਟਾ ਨੂੰ ਦੇਖਣ ਜਾਂ ਬਦਲਣ ਦੀ ਆਗਿਆ ਨਹੀਂ ਦੇਵਾਂਗੇ।

## ਹੋਰ ਖੋਜ ਲਈ ਜਾਣਕਾਰੀ ਸਾਂਝੀ ਕਰਨੀ

ਜਦੋਂ ਤੁਸੀਂ ਖੋਜ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਤੁਹਾਡੀ ਸਿਹਤ ਅਤੇ ਦੇਖਭਾਲ ਬਾਰੇ ਜਾਣਕਾਰੀ ਇਸ ਸੰਗਠਨ ਅਤੇ ਹੋਰ ਸੰਗਠਨਾਂ ਵਿਚ ਹੋਰ ਖੋਜ ਅਧਿਐਨਾਂ ਨੂੰ ਕਰਨ ਵਾਲੇ ਖੋਜਾਰਥੀਆਂ ਲਈ ਲਾਹੇਵੰਦ ਹੋ ਸਕਦੀ ਹੈ। ਇਹ ਸੰਗਠਨ ਯੂਨੀਵਰਸਿਟੀਆਂ, ਐਨ ਐਚ ਐਸ (NHS) ਸੰਗਠਨ ਜਾਂ ਇਸ ਦੇਸ਼ ਜਾਂ ਵਿਦੇਸ਼ ਵਿਚ ਸਿਹਤ ਅਤੇ ਦੇਖਭਾਲ ਖੋਜ ਵਿਚ ਸ਼ਾਮਲ ਕੰਪਨੀਆਂ ਹੋ ਸਕਦੇ ਹਨ। ਤੁਹਾਡੀ ਜਾਣਕਾਰੀ ਨੂੰ ਸੰਗਠਨਾਂ ਅਤੇ ਖੋਜਾਰਥੀਆਂ ਦੁਆਰਾ ਕੇਵਲ ਸਿਹਤ ਅਤੇ ਸਮਾਜਕ ਦੇਖਭਾਲ ਖੋਜ ਲਈ ਯੂ ਕੇ ਪਾਲਸੀ ਫਰੇਮਵਰਕ (UK Policy Framework for Health and Social Care Research) ਦੇ ਅਨੁਸਾਰ ਖੋਜ ਕਰਨ ਲਈ ਵਰਤਿਆ ਜਾਵੇਗਾ।

ਜੇ ਤੁਸੀਂ ਇਸ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਇਸ ਅਧਿਐਨ ਤੋਂ ਪ੍ਰਾਪਤ, ਰੱਖਿਅਤ ਕੀਤੇ ਡਾਟਾ ਦੇ ਆਧਾਰ ਤੇ ਤੁਹਾਡੇ ਕੋਲ ਭਵਿੱਖ ਦੀ ਖੋਜ ਵਿਚ ਭਾਗ ਲੈਣ ਦਾ ਵਿਕਲਪ ਹੋਏਗਾ।

**ਮੇਰੀ ਜਾਣਕਾਰੀ ਕਿਸ ਤਰ੍ਹਾਂ ਵਰਤੀ ਜਾਂਦੀ ਹੈ, ਇਸ ਬਾਰੇ ਮੈਂ ਹੋਰ ਜਾਣਕਾਰੀ ਕਿੱਥੇ ਪ੍ਰਾਪਤ ਕਰ ਸਕਦਾ ਹਾਂ?**

ਅਸੀਂ ਤੁਹਾਡੀ ਜਾਣਕਾਰੀ ਨੂੰ ਕਿਸ ਤਰ੍ਹਾਂ ਵਰਤਦੇ ਹਾਂ ਅਤੇ ਤੁਹਾਡੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ

- ਐਲ ਸੀ ਟੀ ਸੀ (LCTC) ਦੀ ਵੈਬਸਾਇਟ https://lctc.org.uk/privacy’ਤੇ ਦੇਖ ਸਕਦੇ ਹੋ
- ਇੱਥੇ www.hra.nhs.uk/information-about-patients
- ਇੱਥੋਂ ਉਪਲਬੱਧ ਹੈਲਥ ਰਿਸਰਚ ਅਥਾਰਟੀ ਦੇ ਪਰਚੇ ਵਿਚ www.hra.nhs.uk/patientdataandresearch
- ਇੱਥੇ ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ ਐਨ ਐਚ ਐਸ ਫਾਊਂਡੇਸ਼ਨ ਟਰੱਸਟ ਡਾਟਾ ਪ੍ਰੋਟੈਕਸ਼ਨ ਅਫ਼ਸਰ (Cambridge University Hospitals NHS Foundation Trust Data Protection Officer) ਨੂੰ ਸੰਪਰਕ ਕਰਕੇ infogov@addenbrookes.nhs.uk
- ਇੱਥੇ ਯੂਨੀਵਰਸਿਟੀ ਆਫ਼ ਕੈਂਬਰਿਜ ਡਾਟਾ ਪ੍ਰੋਟੈਕਸ਼ਨ ਅਫ਼ਸਰ (University of Cambridge Data Protection Officer) ਨਾਲ ਸੰਪਰਕ ਕਰਕੇ dpo@admin.cam.ac.uk
- ਇੱਥੇ ਯੂਨੀਵਰਸਿਟੀ ਆਫ਼ ਲਿਵਰਪੂਲ ਡਾਟਾ ਪ੍ਰੋਟੈਕਸ਼ਨ ਅਫ਼ਸਰ (University of Liverpool Data Protection Officer) ਨਾਲ ਸੰਪਰਕ ਕਰਕੇ legal@liverpool.ac.uk
- ਆਪਣੇ ਹਸਪਤਾਲ ਵਿਚ ਕਿਸੇ ਇਕ ਖੋਜ ਟੀਮ ਨੂੰ ਪੁੱਛ ਕੇ

**ਕੀ ਮੈਂ ਸ਼ਿਕਾਇਤ ਕਰ ਸਕਦਾ/ਦੀ ਹਾਂ?**

ਹਾਂ। ਜੇ ਤੁਸੀਂ ਜਿਸ ਤਰ੍ਹਾਂ ਤੁਹਾਡੀ ਜਾਣਕਾਰੀ ਸੰਭਾਲੀ ਜਾ ਰਹੀ ਹੈ ਉਸ ਤਰੀਕੇ ਨਾਲ ਖੁਸ਼ ਨਹੀਂ ਹੋ, ਤਾਂ ਤੁਹਾਡੇ ਕੋਲ
Wycliffe House, Water Lane, Wilmslow, SK9 5AF (www.ico.org.uk) ਵਿਖੇ ਇਨਫਾਰਮੇਸ਼ਨ ਕਮਿਸ਼ਨਰ ਦੇ ਦਫ਼ਤਰ ਕੋਲ ਸ਼ਿਕਾਇਤ ਦਰਜ ਕਰਨ ਦਾ ਅਧਿਕਾਰ ਹੈ।